91C

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

ਨੰ. 2456 /ਕਾਲਜਾਂ/ਸ-2
ਮਿਤੀ 27/8/25

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਏਡਿਡ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ: ਲਾਇਬ੍ਰੇਰੀਅਨ ਦੇ ਅਧਿਕਾਰਾਂ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਉਕਤ ਵਿਸ਼ੇ ਸਬੰਧੀ ਡੀਨ, ਕਾਲਜ ਵਿਕਾਸ ਕੌਂਸਲ ਵੱਲੋ ਹੋਏ ਆਦੇਸ਼ਾ ਅਨੁਸਾਰ ਆਪ ਨੂੰ ਲਿਖਿਆ ਜਾਂਦਾ ਹੈ ਕਿ ਲਾਇਬ੍ਰੇਰੀਅਨ ਦੀ ਅਸਾਮੀ ਲਈ ਚੁਣੇ ਗਏ ਉਮੀਦਵਾਰਾਂ ਲਈ ਪੰਜਾਬੀ ਯੂਨੀਵਰਸਿਟੀ ਦੇ ਕੈਲੰਡਰ ਸਾਲ 2005 ਜਿਲਦ III ਭਾਗ II ਦੇ ਨਿਯਮਾਂ ਅਨੁਸਾਰ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਸਹਾਇਕ ਰਜਿਸਟਰਾਰ (ਕਾਲਜਾਂ)

ਨੱਥੀ: ਪੰਜਾਬੀ ਯੂਨੀਵਰਸਿਟੀ ਕੈਲੰਡਰ ਦੀ ਕਾਪੀ

# ਕੈਲੰਡਰ

ਜਿਲਦ III ਭਾਗ II

# CALENDAR

VOLUME III Part II

ਸ-2

2005

ਪੰਜਾਬੀ ਯੂਨੀਵਰਸਿਟੀ, ਪਟਿਆਲਾ

PUNJABI UNIVERSITY, PATIALA

Scanned with OKEN Scanner

# ਪੰਜਾਬੀ ਯੂਨੀਵਰਸਿਟੀ
# ਪਟਿਆਲਾ

# ਕੈਲੰਡਰ

## ਜਿਲਦ III ਭਾਗ II

## 2005

(31 ਜੁਲਾਈ, 2005 ਤਕ ਸੋਧਿਆ ਹੋਇਆ)

Scanned with OKEN Scanner

5|c

## ਅਧਿਆਏ XIX

## ਗੈਰ-ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੇ ਸੇਵਾ ਅਤੇ ਆਚਰਣ ਨਿਯਮ

1. ਅਧਿਆਪਕਾਂ ਦੀ ਸੇਵਾ ਅਤੇ ਆਚਰਣ ਨੂੰ ਸ਼ਾਸਤ ਕਰਨ ਵਾਲੇ ਹੇਠ-ਲਿਖੇ ਔਰਡਿਨੈਂਸ ਪੰਜਾਬੀ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ ਗ਼ੈਰ-ਸਰਕਾਰੀ ਕਾਲਜਾਂ ਵਿਚ ਨਿਯੋਜਤ ਸਾਰੇ ਅਧਿਆਪਕਾਂ ਨੂੰ ਲਾਗੂ ਹੋਣਗੇ। ਜੇਕਰ ਇਨ੍ਹਾਂ ਔਰਡਿਨੈਂਸਾਂ ਵਿਚ ਹੋਰਵੇਂ ਉਲਿਖਤ ਨ ਕੀਤਾ ਜਾਵੇ ਤਾਂ ਇਸ ਵਿਚ ਉਹ ਅਧਿਆਪਕ ਵੀ ਸ਼ਾਮਲ ਹਨ ਜੋ ਇਸ ਤੋਂ ਪਹਿਲਾਂ ਹੀ ਸੇਵਾ ਵਿਚ ਹਨ।
2. ਜੇ ਪ੍ਰਸੰਗ ਹੋਰਵੇਂ ਨ ਲੋੜੇ ਤਾਂ ਇਨ੍ਹਾਂ ਔਰਡਿਨੈਂਸਾਂ ਵਿਚ:
   (i) 'ਕਾਲਜ' ਦਾ ਮਤਲਬ ਹੈ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ ਗੈਰ-ਸਰਕਾਰੀ ਕਾਲਜ; ਅਤੇ
   (ii) 'ਕਰਮਚਾਰੀ' ਦਾ ਮਤਲਬ ਹੈ *ਅਧਿਆਪਕ, ਜਿਸ ਵਿਚ ਗੈਰ-ਸਰਕਾਰੀ ਕਾਲਜ ਦੀ ਸੇਵਾ ਵਿਚ ਪ੍ਰਿੰਸੀਪਲ ਸ਼ਾਮਲ ਹੈ।
3. ਇਸ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ, ਗ਼ੈਰ-ਸਰਕਾਰੀ ਕ਼ਾਲਜ ਵਿਚ ਹਰਿਕ ਕਰਮਚਾਰੀ ਦੀ ਨਿਯੁਕਤੀ ਯੂਨੀਵਰਸਿਟੀ ਦੁਆਰਾ ਸਮੇਂ ਸਮੇਂ ਮੁਕੱਰਰ ਕੀਤੇ ਲਿਖਤੀ ਮੁਆਇਦੇ ਦੇ ਰੂਪ ਵਿਚ ਹੋਵੇਗੀ ਅਤੇ ਇਹ ਨਿਯੁਕਤੀ ਦੀ ਤਰੀਕ ਤੋਂ ਇਕ ਮਹੀਨੇ ਦੇ ਅੰਦਰ ਤਕਮੀਲ ਕੀਤਾ ਜਾਵੇਗਾ। (ਅੰਤਿਕਾ-1)
4. (ੳ) ਨਿਯੁਕਤੀ ਸਿਰਫ਼ ਤਦ ਹੀ ਜਾਇਜ਼ ਹੋਵੇਗੀ ਜੇ ਚੋਣ ਹੇਠ-ਲਿਖੇ ਅਨੁਸਾਰ ਯਥਾਯੋਗ ਗਠਿਤ ਚੋਣ ਕਮੇਟੀ ਰਾਹੀਂ ਕੀਤੀ ਗਈ ਹੋਵੇ ਅਤੇ ਯੂਨੀਵਰਸਿਟੀ ਦੁਆਰਾ ਪ੍ਰਵਾਨ ਕੀਤੀ ਗਈ ਹੋਵੇ:-
   (i) ਕਾਲਜ ਦੇ ਪ੍ਰਿੰਸੀਪਲ ਲਈ ਚੋਣ-ਕਮੇਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ :-
      1. ਸੰਬੰਧਿਤ ਕਾਲਜ ਦੀ ਗਵਰਨਿੰਗ ਬਾਡੀ ਦਾ ਚੇਅਰਪਰਸਨ;
      2. ਪ੍ਰਧਾਨ ਦੁਆਰਾ ਪ੍ਰਬੰਧਕੀ ਬੋਰਡ ਦਾ ਇਕ ਨਾਮਜ਼ਦ ਮੈਂਬਰ।

* ਅਧਿਆਪਕ ਸ਼ਬਦ ਵਿਚ ਡਾਇਰੈਕਟਰ, ਸਰੀਰਕ ਸਿੱਖਿਆ, ਇਨਸਟਰੱਕਟਰ, ਅਤੇ ਲਾਇਬ੍ਰੇਰੀਅਨ ਵੀ ਸ਼ਾਮਲ ਹੋਣਗੇ।



Scanned with OKEN Scanner